੦੧੭

# ਈਸ਼ਵਰ (ਅਕਾਲ ਪੁਰਖ)

(ਲੇਖਕ: ਸੋਹਣ ਸਿੰਘ ਸੀਤਲ)

ਲਗਭਗ ਸਾਰੇ ਹੀ ਸਫ਼ਲ ਧਰਮਾਂ (ਮੱਤਾਂ) ਦਾ ਧੁਰਾ "ਈਸ਼ਵਰ" (ਅਕਾਲ ਪੁਰਖ) ਹੈ। ਜੇ ਕਿਸੇ ਮੱਤ ਨੇ ਈਸ਼ਵਰ ਦੀ ਹੋਂਦ ਨੂੰ ਅੱਖੋਂ ਪਰੋਖੇ ਕਰਨ ਦਾ ਯਤਨ ਕੀਤਾ ਹੈ, ਤਾਂ ਉਹ ਈਸ਼ਵਰੀ ਗੁਣਾਂ ਤੋਂ ਇਨਕਾਰ ਨਹੀਂ ਕਰ ਸਕਿਆ। ਸਮੁੱਚੇ ਈਸ਼ਵਰੀ ਗੁਣਾਂ ਵਾਸਤੇ ਇੱਕ ਸ਼ਬਦ ਵਰਤਣਾ ਹੋਵੇ, ਤਾਂ ਉਹ ਹੈ "ਨੇਕੀ"। ਇਸ ਦੇ ਵਿਰੋਧ ਵਿੱਚ ਹੈ "ਬਦੀ"। ਹਰ ਧਰਮ ਦੋ ਗੱਲਾਂ ਤੇ ਜ਼ੋਰ ਦਿੰਦਾ ਹੈ, ਇਹ ਕਰੋ ਤੇ ਇਹ ਨਾ ਕਰੋ। ਰੱਬ ਦੀ ਹੋਂਦ ਨੂੰ ਨਾ ਮੰਨਣ ਵਾਲੇ ਮੱਤ ਵੀ "ਇਹ (ਨੇਕੀ) ਕਰੋ" ਤੇ "ਇਹ (ਬਦੀ) ਨਾ ਕਰੋ" ਹੀ ਕਹਿੰਦੇ ਹਨ।

ਸਿੱਖ ਧਰਮ ਰੱਬ ਦੀ ਹੋਂਦ ਨੂੰ ਮੰਨਦਾ ਹੈ। ਪਰ ਇਸਦੇ ਰੱਬ (ਅਕਾਲ ਪੁਰਖ) ਦੀ ਵਿਆਖਿਆ ਕਈ ਪੱਖਾਂ ਵਿੱਚ ਪੁਰਾਤਨ ਮੱਤਾਂ ਨਾਲ ਮਿਲਦੀ ਹੈ, ਤੇ ਕਈ ਪੱਖਾਂ ਵਿੱਚ ਵੱਖਰੀ ਤੇ ਨਿਆਰੀ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ "ਈਸ਼ਵਰ" ਬਾਰੇ ਆਪਣੇ ਮੁੱਢਲੇ ਵਿਚਾਰ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕਰਦੇ ਹਨ, ਜੋ ਸਿੱਖ ਧਰਮ ਦਾ "ਮੂਲ ਮੰਤ੍ਰ" ਮੰਨਿਆ ਜਾਂਦਾ ਹੈ:

**– ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (੧)**

ਈਸ਼ਵਰ ਇੱਕ ਹੈ, ਜਿਸ ਦਾ ਨਾਮ ਸਤਿ ਭਾਵ ਹੋਂਦ ਵਾਲਾ, ਸਦਾ ਰਹਿਣ ਵਾਲਾ ਹੈ, ਉਹ ਸਭ ਦਾ ਰਚਨਹਾਰ ਹੈ, ਉਹ ਨਿਰਭੈ ਹੈ, ਨਿਰਵੈਰ ਹੈ, ਉਸ ਦਾ ਸਰੂਪ ਕਾਲ ਤੋਂ ਪਰ੍ਹੇ ਹੈ। ਉਸ ਉਤੇ ਸਮੇਂ ਦਾ ਅਸਰ ਨਹੀਂ ਹੁੰਦਾ, ਉਹ ਨਾਸ ਨਹੀਂ ਹੁੰਦਾ, ਨਾ ਹੀ ਉਹ ਜੂਨਾਂ ਵਿੱਚ ਆਉਂਦਾ ਹੈ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ, ਤੇ ਉਹ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਉਸਦੀ ਸਥਿਰਤਾ ਬਾਰੇ ਗੁਰਦੇਵ ਦਾ ਫੁਰਮਾਨ ਹੈ:

**– ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (੧)**

ਹੇ ਨਾਨਕ! ਈਸ਼ਵਰ ਆਦਿ ਕਾਲ ਭਾਵ ਮੁੱਢ ਤੋਂ ਹੀ ਹੈ, ਸਚੁ (ਸੰਸਕ੍ਰਿਤ ਸ਼ਬਦ ਸਤਯ, ਜਿਸ ਦਾ ਅਰਥ ਹੋਂਦ ਵਾਲਾ) ਜੁਗਾਂ ਦੇ ਆਰੰਭ ਤੋਂ ਵੀ ਪਹਿਲਾਂ ਦਾ ਹੈ, ਇਸ ਵੇਲੇ ਵੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਦਾ ਮੌਜੂਦ ਹੋਵੇਗਾ।

ਅੱਗੇ ਚੱਲ ਕੇ ਈਸ਼ਵਰ ਦੀ ਵਿਆਖਿਆ ਕਰਦਿਆਂ ਹਜ਼ੂਰ ਫੁਰਮਾਉਂਦੇ ਹਨ:

**– ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ (੨)**

ਨਾ ਉਹ (ਥਾਪਿਆ) ਪੈਦਾ ਕੀਤਾ ਜਾ ਸਕਦਾ ਹੈ, ਨਾ ਹੀ ਉਸ ਨੂੰ ਕੋਈ ਬਣਾ ਸਕਦਾ ਹੈ।ਉਹ ਮਾਇਆ-ਰਹਿਤ ਅਕਾਲ ਪੁਰਖ ਆਪਣੇ ਆਪ ਤੋਂ ਹੀ ਹੋਇਆ ਹੈ।

ਪਹਿਲੇ ਪਹਿਲ ਇਨਸਾਨ ਨੇ ਦੇਵਤਿਆਂ ਦੀ ਕਲਪਨਾ ਕੀਤੀ। ਕੁਦਰਤ ਦੀਆਂ ਮਹਾਨ ਸ਼ਕਤੀਆਂ ਵੇਖ ਕੇ ਪਹਿਲਾਂ ਉਹ ਹੈਰਾਨ ਹੋਇਆ, ਫਿਰ ਕੁਝ ਤੋਂ ਭੈ ਖਾਣ ਲੱਗ ਪਿਆ ਤੇ ਕੁਝ ਕੁ ਨੂੰ ਪਿਆਰ ਕਰਨ ਲੱਗ ਪਿਆ। ਹਵਾ ਚੱਲੀ, ਮਨੁੱਖ ਨੂੰ ਹੁੰਮਸ ਵਿੱਚ ਸੁੱਖ ਪ੍ਰਤੀਤ ਹੋਇਆ, ਤਾਂ ਉਸ ਨੇ ਪੌਣ ਨੂੰ ਦੇਵਤਾ ਮੰਨ ਲਿਆ। ਉਹੋ ਪੌਣ ਤੇਜ਼ ਹੋ ਕੇ ਤੂਫ਼ਾਨ ਬਣ ਗਈ, ਤਾਂ ਮਨੁੱਖ ਨੇ ਮੰਨ ਲਿਆ ਕਿ ਦੇਵਤਾ ਕ੍ਰੋਪ ਹੋ ਗਿਆ ਹੈ। ਫਿਰ ਉਹ ਕ੍ਰੋਪ ਦੇਵਤੇ ਨੂੰ ਪ੍ਰਸੰਨ ਕਰਨ ਵਾਸਤੇ ਪੂਜਾ ਦੇ ਢੰਗ ਸੋਚਣ ਲੱਗਾ। ਬੱਦਲ ਬਰਸਿਆ ਤਾਂ ਉਸਨੂੰ ਸੁਖਦਾਈ ਦੇਵਤਾ ਮੰਨ ਲਿਆ, ਪਰ ਜਦੋਂ ਉਸੇ ਬੱਦਲ ਵਿੱਚ ਬਿਜਲੀ ਕੜਕੀ ਤਾਂ ਉਸ ਤੋਂ ਭੈ ਖਾ ਕੇ ਦੇਵਤਾ ਮੰਨ ਲਿਆ। ਇਸ ਤਰ੍ਹਾਂ ਦੋ ਤਰ੍ਹਾਂ ਦੇ ਦੇਵਤੇ ਪ੍ਰਧਾਨ

ਕਰ ਲਏ ਗਏ, ਇੱਕ ਸੁੱਖਦਾਇਕ ਅਤੇ ਦੂਜਾ ਭੈਦਾਇਕ। ਹਰ ਦੇਵਤੇ ਦੀ ਪੂਜਾ ਦੇ ਵੱਖਰੇ-ਵੱਖਰੇ ਢੰਗ ਚਾਲੂ ਹੋ ਗਏ।

ਫਿਰ ਇਨਸਾਨ ਨੇ ਦੇਵਤਿਆਂ ਦੇ ਦਰਜੇ ਮਿਥ ਕੇ ਉਨ੍ਹਾਂ ਨੂੰ ਉੱਚੇ ਤੇ ਨੀਵੇਂ ਜਾਂ ਵੱਡੇ ਤੇ ਛੋਟੇ ਦੇਵਤੇ ਕਰਾਰ ਦੇ ਦਿੱਤਾ। ਅੰਤ ਉੱਨਤ ਮਨੁੱਖ ਦੇ ਦਿਲ ਵਿੱਚ ਖ਼ਿਆਲ ਪੈਦਾ ਹੋਇਆ ਕਿ ਇਨ੍ਹਾਂ ਸਾਰੇ ਦੇਵਤਿਆਂ ਤੋਂ ਉਚੇਰਾ ਤੇ ਬਲਵਾਨ ਵੀ ਕੋਈ ਮੰਨਣਾ ਚਾਹੀਦਾ ਹੈ। ਉਸ ਸਮੇਂ ਦੇ ਅੰਧ ਵਿਸ਼ਵਾਸੀ ਮਨੁੱਖ ਨੇ ਦੇਵਤਿਆਂ ਦੀ ਸਰਦਾਰੀ ਤੋਂ ਇਨਕਾਰ ਤਾਂ ਨਾ ਕੀਤਾ, ਪਰ ਸਭ ਦੇ ਉਪਰ ਇੱਕ "ਭਗਵਾਨ" ਮਿਥ ਲਿਆ। ਫਿਰ ਉਸ ਕਲਪੇ ਹੋਏ "ਭਗਵਾਨ" ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਸ਼ੁਰੂ ਕਰ ਦਿੱਤੀ। ਬੁੱਤ ਘਾੜਿਆਂ ਨੇ ਪੱਥਰ ਦੀ, ਥਾਤ ਦੀ ਜਾਂ ਲੱਕੜੀ ਦੀ ਮੂਰਤੀ ਬਣਾਈ, ਪੰਡਤ ਨੇ ਉਸਨੂੰ ਮੰਦਰ ਵਿੱਚ ਸਥਾਪਨ ਕਰ ਦਿੱਤਾ ਤੇ ਪੁਜਾਰੀ ਨੇ ਉਸਨੂੰ ਭਗਵਾਨ (ਈਸ਼ਵਰ) ਕਹਿ ਕੇ ਸਿਰ ਝੁਕਾ ਦਿੱਤਾ। ਇਸ ਬੁੱਤ-ਰੂਪੀ ਈਸ਼ਵਰ ਦਾ ਕੋਈ ਰਚਨਹਾਰ ਵੀ ਹੈ, ਤੇ ਕੋਈ ਅਸਥਾਪਨ ਕਰਨ ਵਾਲਾ ਵੀ, ਪਰ ਗੁਰੂ ਨਾਨਕ ਸਾਹਿਬ ਦਾ ਈਸ਼ਵਰ ਉਹ ਹੈ, ਜਿਸ ਦਾ ਨਾ ਕੋਈ ਰਚਨਹਾਰ ਹੈ, ਨਾ ਸਥਾਪਨ ਕਰਨ ਵਾਲਾ। ਸੋ, ਉਹ ਹੈ, ਜੋ:

**- ਥਾਪਿਆ ਨ ਜਾਇ ਕੀਤਾ ਨ ਹੋਇ॥ (੨)**

ਗੁਰੂ ਸਾਹਿਬ ਆਪਣੀ ਬਾਣੀ ਵਿੱਚ ਅਕਾਲ ਪੁਰਖ (ਈਸ਼ਵਰ) ਦੀ ਵਿਆਖਿਆ ਕਈ ਪੱਖਾਂ ਤੋਂ ਕਰਦੇ ਹਨ, ਜਿਵੇਂ:

**- ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ (੬)**

ਜਿਸ ਅਕਾਲ ਪੁਰਖ ਨੇ ਇਹ ਰਚਨਾ (ਸ੍ਰਿਸ਼ਟੀ) ਰਚੀ ਹੈ, ਉਹ ਇਸ ਵੇਲੇ ਮੌਜੂਦ ਹੈ, ਉਹ ਸਦਾ ਰਹੇਗਾ, ਨਾ ਉਹ (ਜਾਇ) ਜੰਮਿਆ ਹੈ, ਨਾ (ਜਾਸੀ) ਮਰੇਗਾ।ਉਹ ਸੱਚੀ ਵਡਿਆਈ (ਨਾਮ, ਨਾਈ) ਵਾਲਾ ਸੱਚਾ ਸਾਹਿਬ (ਮਾਲਕ) ਸਦਾ ਥਿਰ ਰਹੇਗਾ। ਇੱਕ ਹੋਰ ਥਾਂ ਹਜ਼ੂਰ ਈਸ਼ਵਰ ਦੀ ਤਾਰੀਫ਼ ਇਉਂ ਕਰਦੇ ਹਨ:

**- ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ॥ (੧੨੮੯)**

ਅਕਾਲ ਪੁਰਖ ਦਾ ਨਾ ਕੋਈ ਚਿਹਨ (ਰੰਗ ਰੂਪ) ਹੈ, ਨਾ ਵਰਨ (ਜਾਤ ਵਰਨ) ਹੈ, ਉਹ ਕਰਮਾਂ ਦੇ ਲੇਖੇ ਤੋਂ ਉਪਰ ਹੈ, ਉਹ ਅਲਖ (ਪੂਰੀ ਤਰ੍ਹਾਂ ਨਾ ਜਾਣਿਆ ਜਾ ਸਕਣ ਵਾਲਾ) ਹੈ। ਉਸ ਦੇ ਸਰੂਪ ਬਾਰੇ ਨਾ ਕਥਿਆ ਜਾ ਸਕਦਾ ਹੈ, ਨਾ ਆਖਿਆ ਜਾ ਸਕਦਾ ਹੈ। ਵੈਸੇ ਉਹ ਹਰ ਥਾਂ (ਸਚੁ) ਮੌਜੂਦ ਜਾਪਦਾ ਹੈ। ਉਸਦੇ ਗੁਣ, ਹਜ਼ੂਰ, ਇਸ ਤਰ੍ਹਾਂ ਵੀ ਵਰਣਨ ਕਰਦੇ ਹਨ:

**- ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥**
**ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ (੮੩੮)**

ਏਕਮ, ਪਹਿਲੀ ਥਿਤ ਬਾਰੇ ਗੁਰਦੇਵ ਲਿਖਦੇ ਹਨ ਕਿ ਉਹ ਏਕੰਕਾਰ (ਨਿਰਾਕਾਰ ਤੇ ਸਾਕਾਰ ਵਾਹਿਗੁਰੂ ਇੱਕ ਹੈ), ਨਿਰਾਲਾ (ਨਿਰ-ਆਲਾ, ਜਿਸ ਦਾ ਕੋਈ ਘਰ ਨਹੀਂ) ਹੈ। ਉਹ ਅਮਰ (ਜੋ ਕਦੇ ਨਹੀਂ ਮਰਦਾ) ਹੈ। ਉਹ ਜੂਨਾਂ ਵਿੱਚ ਨਹੀਂ ਆਉਂਦਾ। ਉਸ ਦੀ ਕੋਈ ਜਾਤਿ ਨਹੀਂ। ਉਸਨੂੰ ਮਾਇਆ ਦਾ ਬੰਧਨ (ਜਾਲਾ) ਨਹੀਂ। ਉਹ ਅਗਮ (ਜਿਸ ਤੱਕ ਪਹੁੰਚਿਆ ਨਾ ਜਾ ਸਕੇ) ਹੈ। ਅਗੋਚਰ (ਜੋ ਗਿਆਨ ਇੰਦ੍ਰਿਆਂ ਰਾਹੀਂ ਨਾਂ ਜਾਣਿਆ ਜਾਏ) ਹੈ। ਉਸ ਦਾ ਕੋਈ ਰੂਪ ਜਾਂ ਸ਼ਕਲ ਨਹੀਂ। ਪਰ ਉਹ ਖੋਜ ਕੀਤਿਆਂ ਹਰ ਘਟਿ (ਸਰੀਰ) ਵਿੱਚ ਵੇਖਿਆ ਜਾ ਸਕਦਾ ਹੈ। ਹਜ਼ੂਰ ਇੱਕ ਹੋਰ ਜਗ੍ਹਾਂ ਹੋਰ ਫੁਰਮਾਉਂਦੇ ਹਨ:

**- ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥**
**ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥(੫੮੦)**

ਸੱਚ ਜਾਣੋ, ਕਿ ਸੰਸਾਰ ਨੂੰ ਪੈਦਾ ਕਰਨ ਵਾਲਾ (ਸਰੰਦਾ) ਵਾਹਿਗੁਰੂ ਹੀ ਸਦਾ ਥਿਰ ਰਹਿਣ ਵਾਲਾ ਹੈ, ਤੇ ਉਹ ਸਭ ਦੀ ਪਾਲਣਾ ਕਰਨ ਵਾਲਾ ਹੈ। ਜਿਸ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਹੈ (ਜਿਸ ਨੂੰ ਰਚਣ ਵਾਲਾ ਹੋਰ ਕੋਈ ਨਹੀਂ) ਉਹ (ਸਚੜਾ) ਥਿਰ ਰਹਿਣ ਵਾਲਾ, ਅਲਖ (ਨਾ ਜਾਣਿਆ ਜਾਣ ਵਾਲਾ) ਤੇ ਅਪਾਰ (ਬੇਅੰਤ) ਹੈ। ਹਜ਼ੂਰ ਅਕਾਲ ਪੁਰਖ ਦੀ ਉਸਤਤ ਕਰਦੇ ਹੋਏ ਲਿਖਦੇ ਹਨ:

**– ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (੪੬੩)**

ਈਸ਼ਵਰ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਤੇ ਆਪ ਹੀ ਆਪਣਾ ਨਾਉ (ਨਾਮਣਾ, ਵਡਿਆਈ) ਬਣਾਇਆ।ਦੂਜੀ ਉਸਨੇ ਕੁਦਰਤ ਰਚੀ, ਫਿਰ ਕੁਦਰਤ ਵਿੱਚ ਆਸਣ ਜਮਾ ਕੇ ਉਸਦਾ ਤਮਾਸ਼ਾ ਵੇਖਣ ਲੱਗਾ। ਗੁਰਦੇਵ ਈਸ਼ਵਰ ਨੂੰ ਰਚਨਹਾਰ ਤੇ ਸਭ ਤੋਂ ਉੱਚਾ ਮੰਨਦੇ ਹਨ:

**– ਆਪਿ ਉਪਾਇਆ ਜਗਤੁ ਸਬਾਇਆ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ॥**
**ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ॥ (੧੦੨੨)**

ਉਸ ਪ੍ਰਭੂ ਨੇ ਆਪ ਹੀ ਇਹ ਸਾਰਾ ਜਗਤ ਪੈਦਾ ਕੀਤਾ ਹੈ। ਜਿਸ ਨੇ ਇਹ ਸਿਰਜਿਆ ਹੈ, ਉਸਨੇ ਇਸ ਨੂੰ ਧੰਧੇ ਵਿੱਚ ਵੀ ਲਾਇਆ ਹੈ। ਉਸ ਥਿਰ ਰਹਿਣ ਵਾਲੇ ਪ੍ਰਮਾਤਮਾ ਦੇ ਉਤੇ ਹੋਰ ਕੋਈ ਸ਼ਕਤੀ ਨਹੀਂ, ਜੋ ਉਸ ਦੀ ਕੀਮਤ ਪਾ ਸਕੇ। ਇੱਕ ਥਾਂ ਆਪ ਹੋਰ ਲਿਖਦੇ ਹਨ:

**– ਬੇਦ ਕਤੇਬੀ ਭੇਦੁ ਨ ਜਾਤਾ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥**
**ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ॥ (੧੦੨੧)**

ਹਿੰਦੂਆਂ ਦੇ ਵੇਦਾਂ, ਜਾਂ ਪੱਛਮੀ ਮੱਤਾਂ ਦੀਆਂ ਕੁਰਾਨ ਆਦਿ ਕਿਤਾਬਾਂ ਨੇ ਉਸ ਈਸ਼ਵਰ ਦਾ ਭੇਦ ਨਹੀਂ ਜਾਣਿਆ। ਉਸ ਵਾਹਿਗੁਰੂ ਦਾ ਨਾਂ ਪਿਤਾ, ਨਾਂ ਮਾਤਾ, ਨਾਂ ਕੋਈ ਖ਼ਾਸ ਪੁੱਤਰ, ਨਾਂ ਭਰਾ ਹੈ। ਉਹ ਸਾਰੇ ਪ੍ਰਬਤ ਪੈਦਾ ਵੀ ਕਰ ਸਕਦਾ ਹੈ ਤੇ ਆਪਣੇ ਵਿੱਚ ਸਮਾ ਵੀ ਲੈਂਦਾ ਹੈ। ਉਹ ਅਲਖ (ਬਿਆਨ ਤੋਂ ਬਾਹਰ) ਬਿਆਨਿਆ ਨਹੀਂ ਜਾ ਸਕਦਾ।

ਗੁਰੂ ਸਾਹਿਬਾਨ ਅਟੁੱਟ ਸ਼ਰਧਾ ਨਾਲ ਈਸ਼ਵਰ ਦੇ ਵੱਖ ਵੱਖ ਗੁਣਾਂ ਦਾ ਥਾਂ ਥਾਂ ਇਉਂ ਵਰਣਨ ਕਰਦੇ ਹਨ:

**– ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ (੪੬੪)**

ਹੇ ਨਾਨਕ! ਇੱਕ ਨਿਰੰਕਾਰ ਹੀ ਨਿਰਭੈ ਹੈ। ਹੋਰ ਅਨੇਕਾਂ ਰਾਮ ਵਰਗੇ ਅਵਤਾਰ ਉਸਦੇ ਸਾਹਮਣੇ ਤੁੱਛ (ਰਵਾਲ, ਧੂੜੀ) ਹਨ।

**– ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥ (੬੩)**

**– ਸਰਬ ਜੋਤਿ ਤੇਰੀ ਪਸਰਿ ਰਹੀ॥ ਜਹ ਜਹ ਦੇਖਾ ਤਹ ਨਰਹਰੀ॥ (੮੭੬)**

ਹੇ ਈਸ਼ਵਰ! ਹਰ ਜੀਵ ਵਿੱਚ ਤੇਰੀ ਹੀ ਜੋਤਿ ਵਿਆਪਕ ਹੈ। ਜਿੱਥੇ ਜਿੱਥੇ ਵੀ ਮੈਂ ਵੇਖਦਾ ਹਾਂ, ਉਥੇ ਪ੍ਰਭੂ ਆਪ ਹੀ ਹੈ।

**– ਅੰਤਰਿ ਉਤਭੁਜੁ ਅਵਰੁ ਨ ਕੋਈ॥ ਜੋ ਕਹੀਐ ਸੋ ਪ੍ਰਭ ਤੇ ਹੋਈ॥ (੯੦੫)**

ਸ੍ਰਿਸ਼ਟੀ ਦੀ ਉਤਪਤੀ ਉਸੇ ਵਿੱਚੋਂ ਹੋਈ ਹੈ। ਹੋਰ ਕੋਈ ਨਹੀਂ ਹੈ। ਜੋ ਵੀ ਵਸਤੂ ਕਹੀ ਜਾ ਸਕਦੀ ਹੈ, ਸਭ ਈਸ਼ਵਰ ਤੋਂ ਹੋਈ ਹੈ।

**– ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ (੧੧੦੯)**

ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ), ਜੇਰਜ (ਜਿਉਰ ਤੋਂ ਪੈਦਾ ਹੋਣ ਵਾਲੇ), ਸੇਤਜ (ਮੁੜ੍ਹਕੇ ਤੋਂ ਪੈਦਾ ਹੋਣ ਵਾਲੇ), ਉਤਭੁਜ (ਧਰਤੀ ਵਿੱਚੋਂ ਪੈਦਾ ਹੋਣ ਵਾਲੇ ਬਿਰਛ-ਬੂਟੇ ਆਦਿ) ਹਰ ਜੀਵ ਵਿੱਚ ਹੇ ਪ੍ਰਭੂ ਤੇਰੀ ਜੋਤਿ ਸਮਾਈ ਹੋਈ ਹੈ।

**– ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥ (੫੩)**

ਨਾ ਉਹ ਕਿਸੇ ਤੋਂ ਪੁੱਛ ਕੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਨਾ ਹੀ ਉਹ ਕਿਸੇ ਤੋਂ ਪੁੱਛ ਕੇ ਇਸ ਨੂੰ (ਢਾਹੇ) ਨਾਸ ਕਰਦਾ ਹੈ, ਨਾ ਹੀ ਉਹ ਕਿਸੇ ਤੋਂ ਪੁੱਛ ਕੇ ਜ਼ਿੰਦਗੀ ਦੇਂਦਾ ਹੈ, ਨਾ ਲੈਂਦਾ ਹੈ। ਉਹ ਆਪ ਹੀ (ਕਰਣੁ) ਸ੍ਰਿਸ਼ਟੀ ਰਚਣ ਵਾਲਾ ਹੈ, ਤੇ ਆਪ ਹੀ ਆਪਣੀ ਕੁਦਰਤ ਜਾਣਦਾ ਹੈ।

**– ਬਾਬਾ ਅਲਹੁ ਅਗਮ ਅਪਾਰੁ॥ ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ॥ (੫੩)**

ਬਾਬਾ! ਅਲਹੁ (ਈਸ਼ਵਰ ਅਗਮ (ਅਪਹੁੰਚ) ਤੇ ਅਪਾਰ ਹੈ। ਉਹ ਪਵਿੱਤ੍ਰ ਵਡਿਆਈ ਦਾ ਮਾਲਕ ਪਵਿੱਤ੍ਰ ਅਸਥਾਨ ਉੱਪਰ ਸੁਭਾਇਮਾਨ, (ਸਚਾ) ਸਦਾ ਥਿਰ ਰਹਿਣ ਵਾਲਾ ਤੇ ਸਭ ਦਾ ਪਾਲਣਹਾਰ ਹੈ।

ਉਹ ਗੁਣਾਂ ਦਾ ਮਾਲਕ ਹੀ ਨਹੀਂ, ਗੁਣਾਂ ਦਾ ਦਾਤਾ ਵੀ ਹੈ।

**– ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ (੨)**

ਹੇ ਨਾਨਕ! ਉਹ ਗੁਣਹੀਣ ਪ੍ਰਾਣੀ ਨੂੰ ਗੁਣ ਬਖ਼ਸ਼ਦਾ ਹੈ ਤੇ ਗੁਣੀਆਂ ਨੂੰ ਹੋਰ ਗੁਣ ਦੇਂਦਾ ਹੈ। ਪਰ ਇਹੋ ਜਿਹਾ ਹੋਰ ਕੋਈ ਨਹੀਂ ਸੁਝਦਾ, ਜੋ ਉਸਨੂੰ ਵੀ ਕੋਈ ਗੁਣ ਦੇ ਸਕਦਾ ਹੋਵੇ। ਭਾਵ, ਸਾਰੇ ਗੁਣਾਂ ਦਾ ਭੰਡਾਰ ਈਸ਼ਵਰ ਹੀ ਹੈ।

ਇੱਕ ਥਾਂ ਗੁਰਦੇਵ ਫ਼ੁਰਮਾਉਂਦੇ ਹਨ ਕਿ ਉਹ ਅਭੁੱਲ (ਔਗੁਣ ਰਹਿਤ) ਹੈ, ਤੇ ਕਿਸੇ ਦਾ ਭੁਲਾਇਆ ਭੁਲੇਖਾ ਵੀ ਨਹੀਂ ਖਾਂਦਾ।

**– ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥ (੧੪੫)**

**– ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (੬੧)**

ਉਸਦੀ ਸਰਬ-ਵਿਆਪਕਤਾ ਬਾਰੇ ਹਜ਼ੂਰ ਫ਼ੁਰਮਾਉਂਦੇ ਹਨ:

**– ਸਰਬ ਜੀਆ ਮਹਿ ਏਕੋ ਰਵੈ॥ (੨੨੯)**

ਰੱਬ ਵਾਲਿਆਂ ਨੂੰ ਹਰ ਥਾਂ 'ਤੇ ਹਰ ਪਾਸੇ ਰੱਬ ਹੀ ਨਜ਼ਰ ਆਉਂਦਾ ਹੈ। ਹਜ਼ੂਰ ਫ਼ੁਰਮਾਉਂਦੇ ਹਨ:

**– ਜਹ ਦੇਖਉ ਤਹ ਏਕੰਕਾਰੁ॥ (੨੨੭)**

ਗੁਰਦੇਵ ਧੰਨਵਾਦ ਵਜੋਂ ਕਹਿੰਦੇ ਹਨ ਕਿ ਹਰ ਵਿੱਚ ਹਰ ਨੂੰ ਵੇਖਣ ਦੀ ਸੋਝੀ ਮੈਨੂੰ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਈ ਹੈ।

**– ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥ (੫੫)**

**– ਜਹ ਜਹ ਦੇਖਉ ਤਹ ਤਹ ਸਾਚਾ॥ ਬਿਨੁ ਬੂਝੇ ਝਗਰਤ ਜਗੁ ਕਾਚਾ॥ (੨੨੪)**

ਗੁਰੂ ਅਮਰਦਾਸ ਜੀ ਈਸ਼ਵਰ ਬਾਰੇ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ:

**– ਸਚਾ ਸਾਹਿਬੁ ਸਚੀ ਨਾਈ॥ ਗੁਰ ਪਰਸਾਦੀ ਮੰਨਿ ਵਸਾਈ॥ (੧੧੦)**

ਈਸ਼ਵਰ (ਸਾਹਿਬ) ਸੱਚਾ (ਸਦਾ ਥਿਰ ਰਹਿਣ ਵਾਲਾ) ਹੈ, ਤੇ ਉਸਦੀ ਵਡਿਆਈ (ਨਾਈ) ਵੀ ਸਦਾ ਰਹਿਣ ਵਾਲੀ ਹੈ। ਗੁਰੂ ਦੀ ਕ੍ਰਿਪਾ ਨਾਲ ਉਸ ਨੂੰ ਮਨ ਵਿੱਚ ਵਸਾ ਲੈ। ਉਸਦੇ ਹੋਂਦ ਵਿੱਚ ਆਉਣ ਬਾਰੇ ਹਜ਼ੂਰ ਫ਼ੁਰਮਾਉਂਦੇ ਹਨ:

**– ਆਪਣਾ ਆਪੁ ਉਪਾਇਓਨੁ ਤਦਹੁ ਹੋਰ ਨ ਕੋਈ॥ (੫੦੯)**

**– ਆਪੇ ਆਪੁ ਉਪਾਇ ਉਪੰਨਾ॥ ਸਭ ਮਹਿ ਵਰਤੈ ਏਕੁ ਪਰਛੰਨਾ॥ (੧੦੫੧)**

ਉਸਨੇ ਆਪ ਹੀ ਆਪਣੇ ਆਪ ਨੂੰ ਉਪਾਇਆ ਤੇ ਪ੍ਰਗਟ ਕੀਤਾ ਹੈ। ਉਹ ਇੱਕ ਈਸ਼ਵਰ ਛੁਪਿਆ ਹੋਇਆ ਵੀ ਹੈ, ਤੇ ਸਭ ਵਿੱਚ ਵਰਤ ਵੀ ਰਿਹਾ ਹੈ। ਫਿਰ ਉਸਦੀ ਵਡਿਆਈ ਵਿੱਚ ਆਪ ਲਿਖਦੇ ਹਨ:

**– ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ॥ (੪੨੩)**

ਉਸ ਨਾਲ ਆਪਣੀ ਅਪਣੱਤ ਪ੍ਰਗਟ ਕਰਦੇ ਹੋਏ ਹਜ਼ੂਰ ਫ਼ੁਰਮਾਉਂਦੇ ਹਨ:

**– ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥ (੬੫੩)**

ਇਨ੍ਹਾਂ ਗੁਣਾਂ ਦਾ ਮਾਲਕ ਅਕਾਲ ਪੁਰਖ ਹੈ ਕਿੱਥੇ? ਗੁਰਦੇਵ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ:

**– ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥ (੪੨੯)**

ਉਸ ਅਪਰ ਅਪਾਰ ਅਕਾਲ ਪੁਰਖ ਦੀ ਮਹਿਮਾ ਗਾਉਂਦੇ ਹੋਏ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

**– ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ॥**
**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ॥ (੪੪੮)**

ਉਹ ਸਮਾਇਆ ਹੋਇਆ ਕਿਸ ਤਰ੍ਹਾਂ ਹੈ? ਹਜ਼ੂਰ ਮਿਸਾਲ ਦੇਂਦੇ ਹਨ:

**– ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ॥ (੧੩੨੬)**

ਆਪ ਸਾਰੀ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਨੂੰ ਮੰਨਦੇ ਹਨ:

**– ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥ (੧੬੪)**

ਪਰ ਇਹ ਗਿਆਨ ਪ੍ਰਾਪਤ ਕਿਵੇਂ ਹੋਇਆ? ਗੁਰੂ ਦੇ ਉਪਦੇਸ਼ ਰਾਹੀਂ।

**– ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ॥ (੮੨)**

ਗੁਰੂ ਦੀ ਕ੍ਰਿਪਾ ਨਾਲ ਗਿਆਨ ਹੋ ਗਿਆ, ਤਾਂ ਫਿਰ ਹਰ ਥਾਂ ਉਹ ਨਜ਼ਰ ਆਉਣ ਲੱਗਾ। ਹਰ ਜੀਵ ਵਿੱਚ ਸਮਾਇਆ ਹੋਇਆ ਪ੍ਰਗਟ ਦਿੱਸ ਪਿਆ।

**– ਜਹ ਜਹ ਦੇਖਾ ਤਹ ਤਹ ਸੁਆਮੀ॥ ਤੂ ਘਟਿ ਘਟਿ ਰਵਿਆ ਅੰਤਰਜਾਮੀ॥ (੯੬)**

ਫਿਰ ਆਪ ਉਸ 'ਇੱਕ' ਦੀ ਵਡਿਆਈ ਕਰਦਿਆਂ ਕਹਿੰਦੇ ਹਨ ਕਿ ਬੱਸ ਤੇਰੇ ਵਰਗਾ ਤੂੰ ਹੀ ਹੈਂ।

**– ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ॥**
**ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ॥ (੫੪੯)**

ਉਸਦੀ ਏਕਤਾ ਤੇ ਅਨੇਕਤਾ ਬਾਰੇ ਸੋਚ ਕੇ ਗੁਰਦੇਵ ਮਸਤੀ ਵਿੱਚ ਇਕ ਵਾਰ ਪੁਕਾਰ ਉੱਠਦੇ ਹਨ:

**– ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ (੭੨੬)**

ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕੀਤੇ ਹਨ:

**– ਜਤ ਕਤ ਪੇਖਉ ਏਕੈ ਓਹੀ॥ ਘਟ ਘਟ ਅੰਤਰਿ ਆਪੇ ਸੋਈ॥ ਰਹਾਉ॥**
**ਆਪੇ ਸੂਰੁ ਕਿਰਣਿ ਬਿਸਥਾਰੁ॥ ਸੋਈ ਗੁਪਤੁ ਸੋਈ ਆਕਾਰੁ॥**
**ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥**
**ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥ (੩੮੭)**

ਮੈਂ ਜਿਸ ਪਾਸੇ ਵੇਖਦਾ ਹਾਂ, ਇੱਕ ਉਹੀ ਈਸ਼ਵਰ ਨਜ਼ਰ ਆਉਂਦਾ ਹੈ। ਹਰ ਵਜੂਦ ਵਿੱਚ ਉਹ ਆਪ ਹੀ ਵਸ ਰਿਹਾ ਹੈ। ਉਹ ਆਪ ਸੂਰਜ ਵਾਂਗ ਹੈ, ਤੇ ਇਹ ਸੰਸਾਰ ਉਸਦੀਆਂ ਕਿਰਨਾਂ ਦਾ ਪਸਾਰਾ ਹੈ। ਉਹ ਆਪ ਹੀ ਗੁਪਤ ਹੈ ਤੇ ਆਪ ਹੀ ਪ੍ਰਗਟ ਹੈ। ਉਹ (ਸਰਗੁਣ) ਪ੍ਰਤੱਖ ਤੇ ਨਿਰਗੁਣ (ਤਿੰਨਾਂ ਗੁਣਾਂ ਤੋਂ ਰਹਿਤ, ਅਦਿੱਖ) ਆਪਣੇ ਨਾਮ ਆਪ ਹੀ ਧਰਦਾ ਹੈ ਤੇ ਇਨ੍ਹਾਂ ਦੋਹਾਂ ਗੁਣਾਂ (ਰੂਪਾਂ) ਨੇ ਮਿਲ ਕੇ ਇੱਕ (ਵਾਹਿਗੁਰੂ) ਵਿੱਚ ਹੀ ਟਿਕਾਣਾ ਬਣਾਇਆ ਹੈ। ਹੇ ਨਾਨਕ! ਜਿਸ ਨੇ ਗੁਰੂ ਦੀ ਕ੍ਰਿਪਾ ਨਾਲ ਭਰਮ ਨਿਵਾਰ ਲਿਆ ਹੈ, ਉਸ ਨੇ ਉਸਨੂੰ ਅੱਖਾਂ ਨਾਲ ਵੇਖ ਲਿਆ ਹੈ ਤੇ ਉਹ ਅਨੰਦ ਰੂਪ ਹੋ ਗਿਆ ਹੈ।

**– ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥ (੭੮੨)**

ਇਹ ਸਾਰੀ ਸ੍ਰਿਸ਼ਟੀ ਉਸ ਬ੍ਰਹਮ (ਈਸ਼ਵਰ) ਦਾ ਪਸਾਰਾ ਹੈ, ਤੇ ਉਹ ਆਪ ਹੀ ਹਰ ਥਾਂ ਹਰ ਰੂਪ ਵਿੱਚ ਪਸਰਿਆ ਹੋਇਆ ਹੈ, ਤੇ ਮੈਨੂੰ ਹਰ ਪਾਸੇ ਈਸ਼ਵਰ ਹੀ ਨਜ਼ਰ ਆਇਆ ਹੈ।

ਗੁਰਦੇਵ ਇੱਕ ਹੋਰ ਵਿਚਾਰ ਦੇਂਦੇ ਹਨ ਕਿ ਸ੍ਰਿਸ਼ਟੀ ਸਥਿਰ ਨਹੀਂ। ਇਹ ਕਈ ਵਾਰ ਬਣੀ ਤੇ ਨਾਸ ਹੋਈ ਹੈ। ਇੱਕ ਈਸ਼ਵਰ ਹੀ ਸਥਿਰ ਤੇ ਸਦਾ ਰਹਿਣ ਵਾਲਾ ਹੈ।

**– ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥ (੨੭੬)**

ਉਹ ਆਦਿ ਵਿੱਚ, ਅੰਤ ਵਿੱਚ, ਮੱਧ ਵਿੱਚ ਸਦਾ ਰਹਿਣ ਵਾਲਾ ਹੈ।

**– ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥ (੪੫੪)**

ਉਹ ਦਿਆਲੂ ਪਾਰਬ੍ਰਹਮ ਸਭ ਤੋਂ ਉਪਰ ਹੈ। ਗੁਰਦੇਵ ਕਹਿੰਦੇ ਹਨ, ਸਾਨੂੰ ਸਿਰਫ਼ ਉਸੇ ਦਾ ਆਸਰਾ ਹੈ।

**– ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ॥ (੭੨੩)**

**– ਊਚ ਮੂਚ ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ॥ (੧੩੪੧)**

ਉਹ ਸਭ ਤੋਂ ਉੱਚਾ ਹੈ। ਉਸ ਦਾ ਕੋਈ ਸ਼ਰੀਕ ਨਹੀਂ। ਨਾਲ ਹੀ ਗੁਰਦੇਵ ਬੜੀ ਦ੍ਰਿੜ੍ਹ ਸੁਰ ਵਿੱਚ ਕਹਿੰਦੇ ਹਨ ਕਿ ਈਸ਼ਵਰ ਇੱਕੋ (ਵਾਹਿਦ) ਹੈ, ਕੇਵਲ ਇੱਕ।

**– ਏਕੈ ਰੇ ਹਰਿ ਏਕੈ ਜਾਨ॥ (੫੩੫)**

ਮੰਨ ਲਿਆ, ਕਿ ਉਹ 'ਇੱਕ' ਹੈ, ਪਰ ਹੈ ਕਿੱਥੇ?

**- ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥ (੧੦੯੯)**

ਜਿਵੇਂ ਪਾਣੀ ਦੇ ਭਰੇ ਬਹੁਤ ਸਾਰੇ ਘੜਿਆਂ ਵਿੱਚ ਇੱਕੋ ਚੰਦ੍ਰਮਾ ਨਜ਼ਰ ਆਉਂਦਾ ਹੈ, ਉਸੇ ਤਰ੍ਹਾਂ ਉਸ ਇੱਕ ਦੀ ਜੋਤਿ ਹਰ ਜੀਵ ਵਿੱਚ ਸਮਾਈ ਹੋਈ ਹੈ। ਏਸੇ ਦ੍ਰਿਸ਼ਟਾਂਤ ਨੂੰ ਹਜ਼ੂਰ ਜ਼ਰਾ ਹੋਰ ਵਿਸਥਾਰ ਨਾਲ ਸਮਝਾਉਂਦੇ ਹਨ:

**- ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥**
**ਸੰਤਹੁ ਘਟਿ ਘਟਿ ਰਹਿਆ ਸਮਾਹਿਓ॥**
**ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥ਰਹਾਉ॥**
**ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ॥**
**ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥ (੬੧੭)**

ਉਹ ਹਰ ਥਾਂ ਸਮਾਈ ਹੋਈ ਜੋਤਿ (ਈਸ਼ਵਰ) ਜਨਮ ਮਰਨ ਤੋਂ ਰਹਿਤ ਹੈ।

**- ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ॥ (੫੬੨)**

**- ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥ (੧੦੯੫)**

ਇਹ ਪ੍ਰਮਾਣ ਸਿੱਧ ਕਰਦੇ ਹਨ ਕਿ ਗੁਰੂ ਮਹਾਰਾਜ ਇਹ ਨਹੀਂ ਮੰਨਦੇ ਕਿ ਈਸ਼ਵਰ ਵੀ ਕਦੇ ਅਵਤਾਰ ਧਾਰਦਾ ਹੈ। ਸਗੋਂ ਆਪ ਬੜੇ ਸਖ਼ਤ ਸ਼ਬਦਾਂ ਵਿੱਚ ਕਹਿੰਦੇ ਹਨ ਕਿ ਉਹ ਮੂੰਹ ਸੜ ਜਾਏ ਜੋ ਕਹਿੰਦਾ ਹੈ ਕਿ ਈਸ਼ਵਰ ਮਾਂ ਦੇ ਪੇਟ ਵਿੱਚੋਂ ਜਨਮਿਆ ਹੈ (ਅਵਤਾਰ ਧਾਰਿਆ ਹੈ)।

**- ਸਗਲੀ ਥੀਤਿ ਪਾਸਿ ਡਾਰਿ ਰਾਖੀ॥ ਅਸਟਮ ਥੀਤਿ ਗੋਵਿੰਦ ਜਨਮਾ ਸੀ॥**
**ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ॥ਰਹਾਉ॥**
**ਕਰਿ ਪੰਜੀਰੁ ਖਵਾਇਓ ਚੋਰ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥**
**ਸਗਲ ਪਰਾਧ ਦੇਹਿ ਲੋਰੋਨੀ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ॥**
**ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥ (੧੧੩੬)**

ਬਾਕੀ ਸਾਰੀਆਂ ਥਿੱਤਾਂ ਪਾਸੇ ਛੱਡ ਲਈਆਂ ਤੇ ਅੱਠਵੀਂ ਥਿੱਤ (ਕ੍ਰਿਸ਼ਨ ਅਸ਼ਟਮੀ) ਨੂੰ ਕਹਿੰਦਾ ਹੈਂ ਗੋਬਿੰਦ (ਈਸ਼ਵਰ) ਜਨਮਿਆ ਸੀ। ਭਰਮਾਂ ਵਿੱਚ ਭੁੱਲੇ ਹੋਏ ਲੋਕ ਕੱਚੀਆਂ (ਬਿਨਾਂ ਕਿਸੇ ਦਲੀਲ ਦੇ) ਗੱਲਾਂ ਕਰਦੇ ਹਨ। ਨਾਰਾਇਣ ਜਨਮ ਮਰਨ ਤੋਂ ਰਹਿਤ ਹੈ। ਪੰਜੀਰੀ ਬਣਾ ਕੇ ਉਸਨੂੰ ਚੋਰੀ ਖੁਆਉਂਦਾ ਹੈਂ (ਪਰਦੇ ਉਹਲੇ ਠਾਕੁਰ ਨੂੰ ਭੋਗ ਲੁਆਉਂਦਾ ਹੈਂ)। ਓ ਮਾਦਾ ਪ੍ਰਸਤ ਮੂਰਖ! ਉਹ ਨਾ ਜਨਮਦਾ ਹੈ, ਨਾ ਮਰਦਾ ਹੈ। ਉਸਨੂੰ (ਬਾਲਕ ਸਮਝ ਕੇ) ਲੋਰੀ ਦੇਣੀ, ਸਭ ਤੋਂ ਵੱਡਾ ਅਪਰਾਧ ਹੈ। ਉਹ ਮੁੱਖ ਸੜ ਜਾਏ, ਜੋ ਕਹਿੰਦਾ ਹੈ, ਕਿ ਈਸ਼ਵਰ ਮਾਂ ਦੇ ਗਰਭ (ਜੋਨੀ) ਵਿੱਚ ਆਇਆ ਹੈ। ਨਾ ਉਹ ਜਨਮਦਾ ਹੈ, ਨਾ ਮਰਦਾ ਹੈ, ਨਾ ਉਹ ਕਿਤੋਂ ਆਉਂਦਾ ਹੈ, ਨਾ ਜਾਂਦਾ ਹੈ। ਨਾਨਕ ਦਾ ਪ੍ਰਭੂ ਹਰ ਥਾਂ 'ਤੇ ਸਦਾ ਸਮਾਇਆ ਹੋਇਆ ਹੈ।

ਫਿਰ ਹਜ਼ੂਰ ਉਸਦੀ ਸਿਫ਼ਤ-ਸਾਲਾਹ ਵਿੱਚ ਮਗਨ ਹੋਏ ਹੋਏ ਕਹਿੰਦੇ ਹਨ:

**- ਕਰਣ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥ (੧੭੮)**

**- ਬਿਨੁ ਗੋਬਿੰਦ ਨ ਦੀਸੈ ਕੋਈ॥ ਕਰਨ ਕਰਾਵਨ ਕਰਤਾ ਸੋਈ॥ (੧੮੯)**

**- ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥ (੪੫)**

– ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥ (੭੨੪)

– ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ॥
ਕਿਆ ਹਮ ਜੰਤ ਕਰਹ ਚਤੁਰਾਈ ਜਾਂ ਸਭੁ ਕਿਛੁ ਤੁਝੈ ਮਝਾਰਿ॥ (੩੭੯)

ਤੂੰ ਬੇਅੰਤ ਹੈਂ, ਅਵਿਗਤ (ਅਦਿੱਖ) ਤੇ ਅਗੋਚਰ (ਅਪਹੁੰਚ) ਹੈਂ। ਇਹ ਦਿੱਸਦਾ ਸੰਸਾਰ ਸਭ ਤੇਰਾ ਹੀ ਪਸਾਰਾ ਹੈ। ਅਸੀਂ ਨਿਮਾਣੇ ਜੀਵ ਕੀ ਚਤੁਰਾਈ ਪ੍ਰਗਟ ਕਰੀਏ, ਸਭ ਕੁਝ ਤੇਰੇ ਹੁਕਮ ਵਿੱਚ ਹੀ ਹੈ। ਇੱਥੇ ਹੀ ਬੱਸ ਨਹੀਂ, ਹਜ਼ੂਰ ਪ੍ਰਭੂ ਦੇ ਰੰਗ ਵਿੱਚ ਰੱਤੇ ਸੰਸਾਰ ਤੇ ਢੰਢੋਰਾ ਦੇਂਦੇ ਹਨ:

– ਸਭ ਮਹਿ ਜਾਨਉ ਕਰਤਾ ਏਕ॥ ਸਾਧਸੰਗਤਿ ਮਿਲਿ ਬੁਧਿ ਬਿਬੇਕ॥ (੩੭੭)

ਭਲੇ ਪੁਰਸ਼ਾਂ ਦੀ ਸੰਗਤ ਵਿੱਚ ਮਿਲ ਕੇ ਮੈਂ ਗਿਆਨ ਵਾਲੀ ਬੁੱਧੀ ਪ੍ਰਾਪਤ ਕਰ ਲਈ ਹੈ। ਹੁਣ ਮੈਂ ਸਾਰਿਆਂ ਵਿੱਚ ਵੱਸਦਾ ਰਚਨਹਾਰ ਨੂੰ ਜਾਣ ਲਿਆ ਹੈ। ਫਿਰ ਆਪ ਬੜੇ ਭਰੋਸੇ ਨਾਲ ਕਹਿੰਦੇ ਹਨ:

– ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥ (੨੮੧)

ਉਹ ਕਿਸੇ ਇੱਕ ਦਾ ਨਹੀਂ, ਸਾਰੇ ਸੰਸਾਰ ਦਾ, ਸਭ ਜੀਵਾਂ ਦਾ ਹੈ। ਸਭ ਉਸਦੀ ਰਹਿਮਤ ਦੇ ਸਾਂਝੀਵਾਲ ਹਨ ਤੇ ਉਹ ਸਭ ਦੀ ਆਸ ਪੂਰੀ ਕਰਦਾ ਹੈ।

– ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (੯੭)

ਸਵਾਲ ਪੈਦਾ ਹੁੰਦਾ ਹੈ ਕਿ ਉਹ ਇਹੋ ਜਿਹਾ ਦਿਆਲੂ ਤੇ ਸਰਬ ਸ਼ਕਤੀਮਾਨ ਹੈ, ਕਿੱਥੇ ਜਿੱਥੋਂ ਭਾਲਿਆ ਜਾਵੇ? ਤਾਂ ਉੱਤਰ ਹੈ:

– ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ (੧੦੨)

– ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥ (੪੫੫)

ਜਾਂ ਉਹ ਅੰਦਰ ਵੱਸਦਾ ਮਿਲ ਗਿਆ, ਤਾਂ ਮੁਗਧ ਹੋ ਕੇ ਆਪ ਉਸ ਦੀ ਸਿਫ਼ਤ ਵਿੱਚ ਕਹਿੰਦੇ ਹਨ:

– ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥ (੮੩੭)

ਉਸ "ਅਨੂਪ" ਦੀ ਉਪਮਾ ਪੂਰੀ ਨਹੀਂ ਕਹੀ ਜਾ ਸਕਦੀ, ਪਰ ਸ਼ਰਧਾਲੂ ਨੇ ਉਪਮਾ ਕਰਨੀ ਤਾਂ ਹੈ। ਗੁਰੂ ਅਰਜਨ ਦੇਵ ਜੀ ਉਸਦੀ ਉਪਮਾ ਕਰਦੇ ਕਰਦੇ ਵਿਸਮਾਦ ਵਿੱਚ ਆ ਕੇ ਇਕੇਵਾਰ ਪੁਕਾਰ ਉਠਦੇ ਹਨ:

– ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥ (੩੭੬)

ਫਿਰ ਉਸ "ਵੇਪਰਵਾਹ" ਨਾਲ ਆਪਣਾ ਰਿਸ਼ਤਾ ਦੱਸਦੇ ਹਨ:

– ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ॥ (੬੦੬)

ਅੰਤ ਵਿੱਚ ਗੁਰਦੇਵ ਫ਼ੁਰਮਾਉਂਦੇ ਹਨ:

– ਜੇਹਾ ਡਿਠਾ ਮੈ ਤੇਹੋ ਕਹਿਆ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ॥ (੯੭)

ਗੁਰੂ ਤੇਗ ਬਹਾਦਰ ਜੀ ਵੀ ਉਸਨੂੰ ਹਰ ਘਟ (ਜੀਵ) ਵਿੱਚ ਵੱਸਦਾ ਪ੍ਰਵਾਨ ਕਰਦੇ ਹਨ।

**– ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥**
**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥ (੧੪੨੭)**

ਗੁਰੂ ਗੋਬਿੰਦ ਸਿੰਘ ਜੀ ਵੀ ਉਸ ਅਕਾਲ ਪੁਰਖ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ:

**– ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥ (ਜਾਪੁ ਸਾਹਿਬ, ਪਾ: ੧੦)**

ਨਾ ਉਸਦਾ ਕੋਈ ਚਿਹਨ ਚੱਕਰ ਹੈ, ਨਾ ਰੰਗ ਹੈ, ਨਾ ਜਾਤ ਪਾਤ ਹੈ, ਨਾ ਉਸਦਾ ਕੋਈ ਖ਼ਾਸ ਰੰਗ ਰੂਪ ਹੈ, ਨਾ ਕੋਈ ਨਕਸ਼ ਹਨ, ਨਾ ਕੋਈ ਉਚੇਚਾ ਭੇਖ ਹੈ। ਕੋਈ ਨਹੀਂ ਕਹਿ ਸਕਦਾ ਕਿ ਉਹ ਕਿਹੋ ਜਿਹਾ ਹੈ।

**– ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥ (ਜਾਪੁ ਸਾਹਿਬ, ਪਾ: ੧੦)**

ਨਾ ਉਸਦਾ ਕੋਈ ਪਿਤਾ ਹੈ, ਨਾ ਮਾਤਾ ਹੈ, ਨਾ ਜਾਤ ਹੈ। ਉਹ ਜਨਮ ਮਰਨ ਤੋਂ ਰਹਿਤ ਹੈ।

**– ਨ ਰਾਗੇ॥ ਨ ਰੰਗੇ॥ ਨ ਰੂਪੇ॥ ਨ ਰੇਖੇ॥ (ਜਾਪੁ ਸਾਹਿਬ, ਪਾ: ੧੦)**

ਨਾ ਉਸਦਾ ਕਿਸੇ ਨਾਲ ਉਚੇਚਾ ਪ੍ਰੇਮ ਹੈ, ਨਾ ਕੋਈ ਰੰਗ ਹੈ, ਰੂਪ ਹੈ, ਨਾ ਨਿਸ਼ਾਨੀ ਹੈ।

**– ਬਰਨ ਚਿਹਨ ਜਿਹ ਜਾਤ ਨ ਪਾਤਾ॥ ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥ (ਅਕਾਲ ਉਸਤਤਿ, ਪਾ:੧੦)**

**– ਬਿਨ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥**

**(ਸ਼ਬਦ ਹਜ਼ਾਰੇ, ਪਾ:੧੦)**

ਕਰਤਾਰ (ਅਕਾਲ ਪੁਰਖ) ਤੋਂ ਬਿਨਾਂ ਹੋਰ ਕੋਈ ਰਚਨਹਾਰ ਨਹੀਂ। ਉਹ ਆਦ ਤੋਂ ਹੈ, ਅਜੋਨੀ ਹੈ, ਅਜਿੱਤ ਹੈ, ਨਾਸ ਨਾ ਹੋਣ ਵਾਲਾ ਹੈ। ਕੇਵਲ ਉਹੀ ਪ੍ਰਮੇਸਰ ਹੈ।

ਹੁਣ ਈਸ਼ਵਰ ਬਾਰੇ ਭਗਤ ਸਾਹਿਬਾਨ ਦੇ ਵੀ ਵਿਚਾਰ ਸੁਣ ਲਈਏ। ਕਬੀਰ ਸਾਹਿਬ ਜੀ ਦਾ ਫੁਰਮਾਨ ਹੈ:

**– ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ॥ (੮੫੭)**

**– ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥ (੩੩੯)**

ਨਾ ਉਹ ਕਿਸੇ ਸੰਕਟ ਵਿੱਚ ਫਸਦਾ ਹੈ, ਨਾ ਜੋਨੀ ਵਿੱਚ ਆਉਂਦਾ ਹੈ, ਨਾ ਉਸਦਾ ਕੋਈ ਮਾਂ ਬਾਪ ਹੈ। ਉਸ ਦਾ ਨਾਮ ਨਿਰੰਜਨ (ਅੰਜਨ – ਮੈਲ, ਕਾਲਖ ਤੋਂ ਰਹਿਤ) ਹੈ। ਇਹੋ ਜਿਹਾ ਪ੍ਰਭੂ ਹੈ ਕਬੀਰ ਦਾ ਸੁਆਮੀ। ਫਿਰ ਉਹ ਸਰਬ ਵਿਆਪੀ (ਹਰ ਥਾਂ ਵਸਿਆ ਹੋਇਆ) ਹੈ।

**– ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥ (੮੫੬)**

ਸਭ ਜੀਵ ਉਸੇ ਦੇ ਨੂਰ ਤੋਂ ਪੈਦਾ ਹੋਏ ਹਨ ਤੇ ਉਹ ਰਚਨਹਾਰ ਆਪਣੀ ਰਚਨਾ ਵਿੱਚ ਵੱਸਦਾ ਹੈ।

**– ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ (੧੩੪੯)

ਉਹ ਈਸ਼ਵਰ ਹਿੰਦੂਆਂ ਜਾਂ ਤੁਰਕਾਂ (ਸਭ) ਵਿੱਚ ਵੱਸਦਾ ਹੈ।

– ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥ (੪੯੩)

– ਹਿੰਦੂ ਤੁਰਕ ਕਾ ਸਾਹਿਬੁ ਏਕ॥ (੧੧੫੯)

ਜਦੋਂ ਇਹ ਗਿਆਨ ਹੋ ਗਿਆ ਤਾਂ ਉਸ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ।

– ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥ (੬੫੫)

ਫਿਰ ਈਸ਼ਵਰ ਨਾਲ ਆਪਣਾ ਰਿਸ਼ਤਾ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

– ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥ ਏਕੈ ਠਾਹਰ ਦੁਹਾ ਬਸੇਰਾ॥ (੪੭੬)

ਅੰਤ ਵਿੱਚ ਇਹ ਪਿਤਾ-ਪੁੱਤਰ ਵਾਲਾ ਅਟੁੱਟ ਰਿਸ਼ਤਾ ਜਤਾਉਂਦੇ ਹੋਏ ਅਰਦਾਸ ਕਰਦੇ ਹਨ:

– ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥
ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥ਰਹਾਉ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥ ਤਾ ਭੀ ਚੀਤਿ ਨ ਰਾਖਸਿ ਮਾਇਆ॥ (੪੭੮)

ਫ਼ਰੀਦ ਜੀ ਵੀ ਰੱਬ ਨੂੰ ਹਿਰਦੇ ਵਿੱਚ ਵੱਸਣ ਵਾਲਾ ਹੀ ਦੱਸਦੇ ਹਨ:

– ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (੧੩੭੮)

ਫਿਰ ਭਗਤ ਪੀਪਾ ਜੀ ਵੀ ਕਹਿੰਦੇ ਹਨ, ਜੋ ਬ੍ਰਹਿਮੰਡ ਵਿੱਚ ਹੈ, ਉਹੀ ਪਿੰਡ (ਸਰੀਰ) ਵਿੱਚ ਹੈ, ਜਿਹੜਾ ਖੋਜ ਕਰੇ, ਸੋ ਪਾ ਲਵੇ।

– ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (੬੯੫)

ਨਾਮਦੇਵ ਜੀ ਕਹਿੰਦੇ ਹਨ ਕਿ ਇਹ ਤਾਂ ਈਸ਼ਵਰ ਦੀ ਮਾਇਆ ਹੈ, ਜੋ ਉਸਦੇ ਹਰ ਘਟ (ਜੀਵ) ਵਿੱਚ ਬ੍ਰਹਮ ਲੁਕਾਇਆ ਹੋਇਆ ਹੈ।

– ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥ (੧੩੫੧)

ਸਧਨਾ ਜੀ ਉਸਨੂੰ (ਬੁਰੇ) ਕਰਮਾਂ ਦਾ ਨਾਸ ਕਰਨ ਵਾਲਾ ਮੰਨਦੇ ਹਨ ਤੇ ਕੁਛ ਨਿਹੋਰੇ ਨਾਲ ਕਹਿੰਦੇ ਹਨ:

– ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥ ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ (੮੫੮)

ਰਵਿਦਾਸ ਜੀ ਉਸਦੇ ਗੁਣਾਂ ਦੀ ਵਡਿਆਈ ਕਰਦੇ ਹੋਏ ਕਹਿੰਦੇ ਹਨ:

**– ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ਰਹਾਉ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥**
**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥(੧੧੦੬)**

ਅੰਤ ਉਸ ਅਨੂਪ ਦੀ ਉਪਮਾ ਕਰਦੇ ਹੋਏ ਭਗਤ ਜੀ ਕਹਿੰਦੇ ਹਨ ਕਿ ਤੇਰੇ ਵਰਗਾ ਕੇਵਲ ਤੂੰ ਹੀ ਹੈਂ।

**– ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥ ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥ (੮੫੮)**

ਉਪਰੋਕਤ ਸਾਰੇ ਪ੍ਰਮਾਣਾਂ ਦਾ ਤੱਤ ਸਾਰ ਇਹੋ ਹੈ ਕਿ ਵਾਹਿਗੁਰੂ ਇੱਕ ਹੈ। ਉਹ ਆਪਣੇ ਆਪ ਤੋਂ ਪ੍ਰਗਟ ਹੋਇਆ ਹੈ। ਉਸਨੂੰ ਰਚਣ ਵਾਲਾ ਹੋਰ ਕੋਈ ਨਹੀਂ। ਨਾ ਉਹ ਜਨਮਦਾ ਹੈ ਤੇ ਨਾ ਹੀ ਮਰਦਾ ਹੈ। ਨਾ ਉਸ ਉੱਤੇ ਸਮੇਂ ਦਾ ਅਸਰ ਹੁੰਦਾ ਹੈ। ਨਾ ਉਸਦਾ ਪਿਤਾ ਹੈ, ਨਾ ਮਾਤਾ ਹੈ, ਨਾ ਕੋਈ ਖ਼ਾਸ ਉਸਦਾ ਪੁੱਤਰ ਹੈ। ਉਹ ਆਪ ਸਭ ਦਾ ਰਚਨਹਾਰ ਹੈ। ਉਹ ਅਭੁੱਲ ਹੈ, ਅਮਰ ਹੈ, ਅਲੱਖ ਹੈ, ਅਗੰਮ ਹੈ, ਅਗੋਚਰ ਹੈ। ਨਾ ਉਸਦਾ ਕੋਈ ਚਿਹਨ ਚਕਰ ਹੈ ਤੇ ਨਾ ਵਰਣ ਜਾਤਿ। ਉਹ ਸਭ ਤੋਂ ਉੱਚਾ ਤੇ ਸਦਾ ਥਿਰ ਰਹਿਣ ਵਾਲਾ ਹੈ। ਉਸ ਤੋਂ ਉੱਚਾ ਹੋਰ ਕੋਈ ਨਹੀਂ।